## ਸਿੱਖਿਆ

### ਅੰਗਰੇਜ਼ੀ ਦੇ ਲੈਸਨ

ਤੁਸੀਂ ਅੰਗਰੇਜ਼ੀ ਭਾਸ਼ਾ ਦੇ ਕੋਰਸ ਵਿੱਚ ਭਾਗ ਲੈਣ ਲਈ ਅਰਜ਼ੀ ਪਾ ਸਕਦੇ ਹੋ।

ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਅੰਗਰੇਜ਼ੀ ਭਾਸ਼ਾ ਦੇ ਕੋਰਸ ਪੜ੍ਹਾਉਂਦੀਆਂ ਹਨ, ਜਿਸ ਵਿੱਚ ਟਰਸ਼ਰੀ ਸੰਸਥਾਵਾਂ, ਸੈਕੰਡਰੀ ਸਕੂਲ, ਹੋਮ ਟਿਊਟਰ ਅਤੇ ਕਮਿਊਨਿਟੀ ਐਜੂਕੇਸ਼ਨ ਸੈਂਟਰ ਸ਼ਾਮਲ ਹਨ। ਇਹਨਾਂ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਤੁਹਾਨੂੰ ਫ਼ੀਸ ਦੇਣੀ ਪੈ ਸਕਦੀ ਹੈ।

ਜੇਕਰ ਤੁਹਾਡੇ ਰਿਫਿਊਜੀ ਅਤੇ ਪ੍ਰੋਟੇਕਸ਼ਨ ਕਲੇਮ 'ਤੇ ਕਾਰਵਾਈ ਕੀਤੇ ਜਾਣ ਦੌਰਾਨ ਤੁਹਾਨੂੰ ਵਰਕ ਵੀਜ਼ਾ ਜਾਰੀ ਕੀਤਾ ਜਾਂਦਾ ਹੈ, ਤਾਂ ਇਜਾਜ਼ਤ ਸਿਰਫ਼ ਅੰਗਰੇਜ਼ੀ ਨੂੰ ਦੂਜੀ ਭਾਸ਼ਾ ਦੇ ਕੋਰਸਾਂ ਵਜੋਂ ਪੜ੍ਹਣ ਲਈ ਦਿੱਤੀ ਜਾਂਦੀ ਹੈ, ਕਿਸੇ ਹੋਰ ਕੋਰਸ ਦੀ ਪੜ੍ਹਾਈ ਕਰਨ ਲਈ ਨਹੀਂ।

ਵਧੇਰੇ ਜਾਣਕਾਰੀ ਲਈ Tertiary Education Commission (**www.tec.org.nz** 'ESOL students' ਦੀ ਸਰਚ ਕਰੋ) ਜਾਂ English Language Partners (**www.englishlanguage.org.nz**) ਵੇਖੋ।

### ਪ੍ਰਾਇਮਰੀ ਅਤੇ ਸੈਕੰਡਰੀ ਸਕੂਲ

6 ਤੋਂ 16 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਦਾ ਨਿਊਜ਼ੀਲੈਂਡ ਵਿੱਚ ਸਕੂਲ ਜਾਣਾ ਲਾਜ਼ਮੀ ਹੈ। ਅਸਾਈਲਮ ਸੀਕਰ ਬੱਚਿਆਂ ਨੂੰ ਆਮ ਤੌਰ 'ਤੇ ਸਟੂਡੈਂਟ ਵੀਜ਼ਾ ਜਾਰੀ ਕੀਤਾ ਜਾਵੇਗਾ।

### ਸਿਹਤ

ਨਿਊਜ਼ੀਲੈਂਡ ਵਿੱਚ ਇੱਕ ਜਨਤਕ ਸਿਹਤ ਪ੍ਰਣਾਲੀ ਹੈ ਜੋ ਸਬਸਿਡੀ ਵਾਲੀ ਸਿਹਤ ਦੇਖਭਾਲ ਪ੍ਰਦਾਨ ਕਰਦੀ ਹੈ। ਅਸਾਈਲਮ ਸੀਕਰ ਇਸਦੇ ਲਈ ਯੋਗ ਹਨ।.

ਡਾਕਟਰ ਨੂੰ ਵਿਖਾਉਣ ਦਾ ਖਰਚਾ ਤੁਹਾਡੀ ਉਮਰ, ਥਾਂ ਅਤੇ ਨਿੱਜੀ ਹਾਲਾਤਾਂ 'ਤੇ ਨਿਰਭਰ ਕਰਦੇ ਹੋਏ ਵੱਖ-ਵੱਖ ਹੁੰਦਾ ਹੈ। 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਡਾਕਟਰ ਕੋਲ ਵਿਖਾਉਣਾ ਮੁਫ਼ਤ ਹੁੰਦਾ ਹੈ।

ਸਬਸਿਡੀ ਵਾਲੀ ਸਿਹਤ ਦੇਖਰੇਖ ਹਾਸਲ ਕਰਨ ਲਈ ਤੁਹਾਨੂੰ RSU ਤੋਂ ਮਿਲਿਆ ਪੱਤਰ ਆਪਣੇ ਨਾਲ ਕਲੀਨਿਕ ਜਾਂ ਹਸਪਤਾਲ ਲੈ ਜਾਣਾ ਚਾਹੀਦਾ ਹੈ ਜੋ ਇਹ ਪੁਸ਼ਟੀ ਕਰਦਾ ਹੋਵੇ ਕਿ ਤੁਸੀਂ ਰਿਫਿਊਜੀ ਅਤੇ ਪ੍ਰੋਟੇਕਸ਼ਨ ਸਟੇਟਸ ਲਈ ਕਲੇਮ ਦਰਜ ਕੀਤਾ ਹੈ।

ਹਸਪਤਾਲ ਅਤੇ ਜਨਤਕ ਸਿਹਤ ਸੇਵਾਵਾਂ ਲੋੜ ਪੈਣ 'ਤੇ ਦੁਭਾਸ਼ੀਏ ਪ੍ਰਦਾਨ ਕਰਨਗੀਆਂ। ਤੁਹਾਨੂੰ ਉਨ੍ਹਾਂ ਨਾਲ ਪਹਿਲਾਂ ਹੀ ਸੰਪਰਕ ਕਰਨਾ ਚਾਹੀਦਾ ਹੈ।

ਮੁਫ਼ਤ ਸਿਹਤ ਸਲਾਹ ਲਈ, Healthline ਨੂੰ ਕਿਸੇ ਵੀ ਸਮੇਂ ਫੋਨ ਕਰੋ: **0800 611 116**

### ਤਰੀਜੀ ਡਾਕਟਰੀ ਸੰਭਾਲ

**ਐਮਰਜੰਸੀ ਵਿੱਚ 111 'ਤੇ ਫੋਨ ਕਰੋ** ਜੋ ਤੁਹਾਨੂੰ ਹਸਪਤਾਲ ਲੈ ਜਾਵੇਗੀ, ਜਾਂ ਤੁਸੀਂ ਆਪਣੇ ਘਰ ਦੇ ਸਭ ਤੋਂ ਕਰੀਬੀ ਹਸਪਤਾਲ ਜਾ ਸਕਦੇ ਹੋ।

**Canterbury (ਕ੍ਰਾਈਸਚਰਚ ਸਮੇਤ) Community and Public Health**

ਫੋਨ **03 364 1777** ਜਾਂ ਇਹ ਵੈੱਬਸਾਈਟ ਵੇਖੋ **www.cph.co.nz/your-health/migrant-health/**

## ਮਦਦਗਾਰ ਏਜੰਸੀਆਂ:

ਅਜਿਹੀਆਂ ਕਈ ਏਜੰਸੀਆਂ ਅਤੇ ਸੰਸਥਾਵਾਂ ਹਨ ਜੋ ਅਸਾਇਲਮ ਸੀਕਰਾਂ ਨੂੰ ਮਦਦ ਦੇਣ ਦੀ ਪੇਸ਼ਕਸ਼ ਕਰਦੀਆਂ ਹਨ।

**Refugee Council of New Zealand**
ਇੱਕ ਰਾਸ਼ਟਰੀ ਸੰਗਠਨ ਜੋ ਅਸਾਇਲਮ ਸੀਕਰਾਂ ਨੂੰ ਸਲਾਹ, ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ।
- ਈਮੇਲ: **info@rc.org.nz**
- ਵੈੱਬਸਾਈਟ: **www.rc.org.nz**

**Community Law**
ਕਨੂੰਨੀ ਸਮੱਸਿਆਵਾਂ ਨੂੰ ਹਲ ਕਰਨ ਲਈ ਮੁਫਤ ਸ਼ੁਰੂਆਤੀ ਕਨੂੰਨੀ ਸਲਾਹ ਪ੍ਰਦਾਨ ਕਰਦੀ ਹੈ।
- ਵੈੱਬਸਾਈਟ: www.communitylaw.org.nz

**Refugee Resettlement & Resource Centre Canterbury**
ਮੁੜ ਬਸਨ ਸਬੰਧੀ ਸਹਾਇਤਾ ਲਈ ਸਲਾਹ ਦਿੰਦਾ ਹੈ ਅਤੇ ਦੂਜਿਆਂ ਏਜੰਸੀਆਂ ਨਾਲ ਸੰਪਰਕ ਕਰਦਾ ਹੈ।
- ਈਮੇਲ: **cantyrefugeecouncil@gmail.com**
- ਵੈੱਬਸਾਈਟ: **www.cantyrefugeecentre.org**
- ਫੋਨ: **03 377 2544** ਜਾਂ **03 377 2538**

**Christchurch Resettlement Services**
ਸਮਾਜਕ ਕੰਮ ਸਬੰਧੀ ਸਹਾਇਤਾ ਪ੍ਰਦਾਨ ਕਰਦੀਆਂ ਹਨ ਅਤੇ ਲੋਕਾਂ ਦਾ ਸੰਪਰਕ ਮਾਨਸਿਕ ਸਿਹਤ ਅਤੇ ਮੁੜ ਬਸਨ ਸਬੰਧੀ ਸਹਾਇਤਾ ਨਾਲ ਸਥਾਪਤ ਕਰਦੀਆਂ ਹਨ।
- ਵੈੱਬਸਾਈਟ: **www.crs.org.nz**
- ਫੋਨ: **03 335 0311**

**Hagley Community College**
ਪੂਰੇ Canterbury ਖੇਤਰ ਵਿੱਚ ਰਿਫਿਊਜੀਆਂ, ਅਸਾਇਲਮ ਸੀਕਰਾਂ ਅਤੇ ਮਾਈਗ੍ਰੇਟਾਂ ਲਈ ਅੰਗਰੇਜ਼ੀ ਸਿੱਖਣ ਲਈ ਸਹਾਇਤਾ ਦਿੰਦਾ ਹੈ, ਅਤੇ ਸਕੂਲਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਦਿੰਦਾ ਹੈ।
- ਵੈੱਬਸਾਈਟ: **www.refugeemigrant.hagley.school.nz**
- ਫੋਨ: **03 379 3090**

**Citizens Advice Bureau**
ਮੁਫਤ ਗੋਪਨੀਯ, ਸੁਤੰਤਰ ਸਲਾਹ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ, ਜਿਸ ਨਾਲ ਲੋਕਾਂ ਨੂੰ ਆਪਣੇ ਹੱਕ ਸਮਝਣ ਅਤੇ ਉਨ੍ਹਾਂ ਲਈ ਲੋੜੀਂਦੀਆਂ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਲਈ ਮਦਦ ਮਿਲਦੀ ਹੈ।
- ਵੈੱਬਸਾਈਟ: **www.cab.org.nz**

**New Zealand Red Cross**
ਰੋਜ਼ਗਾਰ ਮਾਰਗ (Pathways to Employment) ਪ੍ਰੋਗ੍ਰਾਮ ਸਮੇਤ ਰਿਫਿਊਜੀਆਂ ਅਤੇ ਅਸਾਇਲਮ ਸੀਕਰਾਂ ਲਈ ਕਈ ਤਰ੍ਹਾਂ ਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੀ ਹੈ।
- ਵੈੱਬਸਾਈਟ: **www.redcross.org.nz**

**Rainbow Path NZ**
LGBTQA+ ਰਿਫਿਊਜੀਆਂ ਅਤੇ ਅਸਾਇਲਮ ਸੀਕਰਾਂ ਵਿੱਚ ਸੰਪਰਕ ਸਥਾਪਤ ਕਰਦੀ ਹੈ ਅਤੇ ਰੈਨਬੋ ਅਨੁਕੂਲ ਸਹਾਇਤਾ ਸੇਵਾਵਾਂ ਬਾਰੇ ਜਾਣਕਾਰੀ ਦਿੰਦੀ ਹੈ।
- ਈਮੇਲ: **rainbowpath@protonmail.com**
- ਵੈੱਬਸਾਈਟ e: **www.rainbowpathnz.com**

Te Kāwanatanga o Aotearoa
New Zealand Government

INZ 8630

NEW ZEALAND
IMMIGRATION

# ਅਸਾਇਮਲ ਸੀਕਰਾਂ (ਸ਼ਰਣ ਮੰਗਨ ਵਾਲੀਆਂ) ਲਈ ਸੇਵਾਵਾਂ

## ਕ੍ਰਾਈਸਟਚਰਚ

ਇਸ ਕਿਤਾਬਚੇ ਵਿੱਚ ਉਨ੍ਹਾਂ ਸੇਵਾਵਾਂ ਅਤੇ ਸਹਾਇਤਾ ਬਾਰੇ ਜਾਣਕਾਰੀ ਸ਼ਾਮਲ ਹੈ ਜੋ ਨਿਊਜ਼ੀਲੈਂਡ ਵਿੱਚ ਰਿਫਿਊਜੀ ਜਾਂ ਪ੍ਰੋਟੇਕਟਿਡ ਪਰਸਨ ਸਟੇਟਸ ਦੀ ਮੰਗ ਕਰਨ ਵਾਲੇ ਲੋਕਾਂ (ਜਿਨ੍ਹਾਂ ਨੂੰ "ਅਸਾਇਲਮ ਸੀਕਰ" ਕਿਹਾ ਜਾਂਦਾ ਹੈ) ਲਈ ਉਪਲਬਧ ਹਨ।

MINISTRY OF BUSINESS, INNOVATION & EMPLOYMENT
HĪKINA WHAKATUTUKI

Te Kāwanatanga o Aotearoa
New Zealand Government

## ਨਿਊਜ਼ੀਲੈਂਡ ਵਿੱਚ ਤੁਹਾਡੇ ਸਟੇਟਸ ਦੀ ਪੁਸ਼ਟੀ

ਜਿਨ੍ਹਾਂ ਲੋਕਾਂ ਨੂੰ ਆਪਣੇ ਆਪ ਦੇ ਦੇਸ਼ ਵਾਪਸ ਜਾਣ ਬਾਰੇ ਡਰ ਹੈ, ਉਹ ਨਿਊਜ਼ੀਲੈਂਡ ਨੂੰ ਰਿਫਊਜੀ ਜਾਂ ਪ੍ਰੋਟੇਕਟਿਡ ਵਿਅਕਤੀਆਂ ਦੇ ਤੌਰ 'ਤੇ ਉਨ੍ਹਾਂ ਦੀ ਪਛਾਣ ਕੀਤੇ ਜਾਣ ਲਈ ਕਹਿ ਸਕਦੇ ਹਨ। ਜੋ ਲੋਕ ਨਿਊਜ਼ੀਲੈਂਡ ਵਿੱਚ ਰਿਫਊਜੀ ਜਾਂ ਪ੍ਰੋਟੇਕਸ਼ਨ ਸਟੇਟਸ ਲਈ ਕਲੇਮ ਦਰਜ ਕਰਦੇ ਹਨ ਉਨ੍ਹਾਂ ਨੂੰ ਰਿਫਊਜੀ ਅਤੇ ਪ੍ਰੋਟੇਕਸ਼ਨ *ਦਾਅਵੇਦਾਰ* ਕਿਹਾ ਜਾਂਦਾ ਹੈ। ਤੁਹਾਨੂੰ Refugee Status Unit (RSU) ਤੋਂ ਇੱਕ ਪੱਤਰ ਮਿਲੇਗਾ ਜਿਸ ਵਿੱਚ ਇਹ ਪੁਸ਼ਟੀ ਕੀਤੀ ਹੋਵੇਗੀ ਕਿ ਤੁਸੀਂ ਨਿਊਜ਼ੀਲੈਂਡ ਵਿੱਚ ਰਿਫਊਜੀ ਅਤੇ ਪ੍ਰੋਟੇਕਸ਼ਨ ਕਲੇਮ ਦਰਜ ਕਰ ਦਿੱਤਾ ਹੈ।

ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਇਸ ਪੱਤਰ ਨੂੰ ਆਪਣੇ ਕੋਲ ਰੱਖੋ ਅਤੇ ਜਦੋਂ ਤੁਸੀਂ ਹੋਰ ਸਰਕਾਰੀ ਏਜੰਸੀਆਂ, ਸਿਹਤ ਅਤੇ ਸਿੱਖਿਆ ਪ੍ਰਦਾਤਾਵਾਂ, ਅਤੇ ਸੇਵਾ ਪ੍ਰਦਾਤਾਵਾਂ ਕੋਲ ਜਾਓ ਤਾਂ ਇਸਨੂੰ ਆਪਣੇ ਨਾਲ ਲੈ ਜਾਓ।

ਜੇਕਰ ਲੋੜੀਂਦਾ ਹੋਵੇਗਾ ਤਾਂ RSU ਅਸਾਇਲਮ ਸੀਕਰ ਦੇ ਤੌਰ 'ਤੇ ਤੁਹਾਡੇ ਸਟੇਟਸ ਦੀ ਪੁਸ਼ਟੀ ਸਿੱਧੇ ਇਸ ਕਿਤਾਬਚੇ ਵਿੱਚ ਸੂਚੀਬੱਧ ਸਰਕਾਰੀ ਏਜੰਸੀਆਂ ਨਾਲ ਕਰੇਗਾ। ਏਜੰਸੀਆਂ RSU ਨੂੰ **(09) 928 2236** 'ਤੇ ਫੋਨ ਜਾਂ **RSU@mbie.govt.nz** 'ਤੇ ਈਮੇਲ ਕਰ ਸਕਦੀਆਂ ਹਨ।

## ਦੋਭਾਸ਼ੀਆ ਸੇਵਾਵਾਂ

ਕਿਸੇ ਸਰਕਾਰੀ ਏਜੰਸੀ ਨਾਲ ਸੰਪਰਕ ਕਰਦੇ ਸਮੇਂ, ਵਿਅਕਤੀਗਤ ਤੌਰ 'ਤੇ ਜਾਂ ਫ਼ੋਨ 'ਤੇ, ਤੁਸੀਂ ਕਿਸੇ ਦੁਭਾਸ਼ੀਏ ਦੀ ਮਦਦ ਮੰਗ ਸਕਦੇ ਹੋ ਅਤੇ ਸਰਕਾਰੀ ਏਜੰਟ ਨੂੰ ਦੱਸ ਸਕਦੇ ਹੋ ਕਿ ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ। ਟੈਲੀਫ਼ੋਨ/ਵੀਡੀਓ ਦੁਭਾਸ਼ੀਏ ਦਿਨ ਦੇ 24 ਘੰਟੇ, ਹਫ਼ਤੇ ਦੇ ਸੱਤੇ ਦਿਨ, 180 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹਨ।

ਤੁਸੀਂ ਸਰਕਾਰੀ ਏਜੰਸੀਆਂ ਅਤੇ ਸੇਵਾ ਪ੍ਰਦਾਤਾਵਾਂ ਨਾਲ ਗੱਲ ਕਰਦੇ ਸਮੇਂ ਇਸ ਸੇਵਾ ਦੀ ਵਰਤੋਂ ਕਰ ਸਕਦੇ ਹੋ, ਜਿਨ੍ਹਾਂ ਵਿੱਚ ਸ਼ਾਮਲ ਹਨ: Immigration, Health, Inland Revenue, Internal Affairs, Education, Work and Income, Career Services ਅਤੇ ਪੁਲਿਸ।

## ਪਛਾਣ ਦਸਤਾਵੇਜ਼

ਸੇਵਾਵਾਂ ਤੱਕ ਪਹੁੰਚ ਕਰਨ ਲਈ, ਤੁਹਾਨੂੰ ਇੱਕ ਪਛਾਣ ਦਸਤਾਵੇਜ਼ (ਆਈ.ਡੀ) ਦੀ ਲੋੜ ਹੋ ਸਕਦੀ ਹੈ। ਆਮ ਤੌਰ 'ਤੇ, ਜ਼ਿਆਦਾਤਰ ਸੰਸਥਾਵਾਂ ਨਾਲ ਤੁਹਾਡੀ ਪਛਾਣ ਸਥਾਪਤ ਕਰਨ ਲਈ ਇੱਕ ਪਾਸਪੋਰਟ ਕਾਫੀ ਹੁੰਦਾ ਹੈ।

### ਪਛਾਣ ਦਾ ਸਰਟੀਫਿਕੇਟ (Certificate of Identity)

ਜੇ ਤੁਹਾਡੇ ਕੋਲ ਪਾਸਪੋਰਟ ਨਹੀਂ ਹੈ, ਤਾਂ ਤੁਹਾਨੂੰ Immigration New Zealand (INZ) ਦੀ ਬ੍ਰਾਂਚ ਤੋਂ Certificate of Identity (COI) ਹਾਸਲ ਕਰਨਾ ਹੋਵੇਗਾ। COI ਉਦੋਂ ਜਾਰੀ ਕੀਤੀ ਜਾਂਦੀ ਹੈ ਜਦੋਂ ਤੁਸੀਂ ਵੀਜ਼ਾ ਐਪਲੀਕੇਸ਼ਨ ਲਈ ਅਰਜ਼ੀ ਦਿੰਦੇ ਹੋ ਅਤੇ ਇਹ ਮਨਜ਼ੂਰ ਹੋ ਜਾਂਦੀ ਹੈ। COI ਵਿੱਚ ਤੁਹਾਡੀ ਫੋਟੋ ਅਤੇ ਜੀਵਨੀ ਸੰਬੰਧੀ ਵੇਰਵੇ ਜਿਵੇਂ ਕਿ ਤੁਹਾਡਾ ਨਾਮ ਅਤੇ ਜਨਮ ਮਿਤੀ ਹੋਵੇਗੀ। INZ, COI ਵਿੱਚ ਵੀਜ਼ਾ ਜਾਰੀ ਕਰ ਸਕਦਾ ਹੈ।

ਹੋਰ ਏਜੰਸੀਆਂ ਜਿਵੇਂ ਕਿ Work and Income ਅਤੇ ਬੈਂਕ ਵੀ ਪਛਾਣ ਦੇ ਸਬੂਤ ਦੇ ਤੌਰ 'ਤੇ COI ਸਵੀਕਾਰ ਕਰਦੀਆਂ ਹਨ। ਵਧੇਰੀ ਜਾਣਕਾਰੀ ਲਈ ਕ੍ਰਿਪਾ ਕਰਕੇ INZ ਦੀ ਵੈੱਬਸਾਈਟ ਵੇਖੋ: **www.immigration.govt.nz**

## ਵੀਜ਼ਾ

ਆਪਣੇ ਕਲੇਮ ਦੇ ਸਟੇਟਸ ਦੀ ਉਡੀਕ ਕਰਦੇ ਹੋਏ, ਤੁਸੀਂ ਆਪਣੀਆਂ ਲੋੜਾਂ ਮੁਤਾਬਕ ਢੁਕਵੇਂ ਵਿਜ਼ਟਰ, ਵਰਕ, ਸਟੂਡੈਂਟ ਜਾਂ ਸੀਮਤ ਵੀਜ਼ੇ ਲਈ ਅਰਜ਼ੀ ਦੇ ਸਕਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਰਿਫਊਜੀ ਜਾਂ ਪ੍ਰੋਟੇਕਸ਼ਨ ਸਟੇਟਸ ਦੇ ਦਾਅਵੇਦਾਰਾਂ ਲਈ E8.10 ਅਸਥਾਈ ਵੀਜ਼ਾ 'ਤੇ ਸੰਬੰਧਿਤ ਇਮੀਗ੍ਰੇਸ਼ਨ ਨਿਰਦੇਸ਼ ਵੇਖੋ।

## ਰਿਹਾਇਸ਼ੀ ਪਤਾ

ਜ਼ਿਆਦਾਤਰ ਸਰਕਾਰੀ ਏਜੰਸੀਆਂ ਅਤੇ ਸੇਵਾ ਪ੍ਰਦਾਤਾ (ਜਿਵੇਂ ਕਿ ਬੈਂਕ, ਬਿਜਲੀ ਅਤੇ ਇੰਟਰਨੈਟ ਕੰਪਨੀਆਂ) ਨੂੰ ਤੁਹਾਡੇ ਰਿਹਾਇਸ਼ੀ ਪਤੇ ਦੇ ਸਬੂਤ ਦੀ ਲੋੜ ਹੁੰਦੀ ਹੈ। ਇਹ ਤੁਹਾਨੂੰ ਸੰਬੋਧਿਤ ਇੱਕ ਅਧਿਕਾਰਤ ਪੱਤਰ ਹੋ ਸਕਦਾ ਹੈ — ਉਦਾਹਰਨ ਲਈ, RSU ਦਾ ਪੱਤਰ ਜੋ ਪੁਸ਼ਟੀ ਕਰਦਾ ਹੈ ਕਿ ਤੁਸੀਂ ਇੱਕ ਕਲੇਮ ਦਰਜ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਤੁਹਾਡੇ ਸਹੀ ਪਤੇ ਦੇ ਨਾਲ ਕੋਈ ਅਧਿਕਾਰਤ ਪੱਤਰ ਨਹੀਂ ਹੈ, ਤਾਂ ਤੁਸੀਂ RSU ਨੂੰ ਇੱਕ ਅਜਿਹਾ ਪੱਤਰ ਦੇਣ ਲਈ ਕਹਿ ਸਕਦੇ ਹੋ।

### ਰਿਹਾਇਸ਼

ਜੇ ਤੁਹਾਨੂੰ ਰਿਹਾਇਸ਼ ਲੱਭਣ ਦੀ ਲੋੜ ਹੈ, ਤਾਂ ਬਹੁਤ ਸਾਰੀਆਂ ਸਥਾਨਕ ਅਖਬਾਰਾਂ ਕਿਰਾਏ ਦੀ ਰਿਹਾਇਸ਼ ਦਾ ਇਸ਼ਤਿਹਾਰ ਦਿੰਦੀਆਂ ਹਨ - ਜਾਂ ਤਾਂ "ਫਲੈਟ" ਜਾਂ ਸਾਂਝੇ ਘਰ ਵਿੱਚ ਇੱਕ ਕਮਰਾ। Trademe (**www.trademe.co.nz**) ਉੱਤੇ ਵੀ ਕਿਰਾਏ ਦੀ ਰਿਹਾਇਸ਼ ਬਾਰੇ ਜਾਣਕਾਰੀ ਹੈ। ਤੁਹਾਡੀ ਸਥਾਨਕ ਸੁਪਰਮਾਰਕੀਟ, ਲਾਇਬ੍ਰੇਰੀ ਜਾਂ ਕਮਿਊਨਿਟੀ ਸੈਂਟਰ ਵਿੱਚ ਇੱਕ ਨੋਟਿਸ ਬੋਰਡ ਹੋ ਸਕਦਾ ਹੈ ਜਿੱਥੇ ਲੋਕ ਕਮਰਿਆਂ ਜਾਂ ਫਲੈਟਾਂ ਦਾ ਇਸ਼ਤਿਹਾਰ ਦਿੰਦੇ ਹਨ। ਰੀਅਲ ਅਸਟੇਟ ਏਜੰਟ ਅਤੇ ਲੇਟਿੰਗ ਸੈਂਟਰ ਰਿਹਾਇਸ਼ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਉਹ ਇਸ ਸੇਵਾ ਲਈ ਫੀਸ ਲੈਣਗੇ। ਜੇਕਰ ਤੁਹਾਨੂੰ ਰਿਹਾਇਸ਼ ਲੱਭਣ ਵਿੱਚ ਮੁਸ਼ਕਲ ਆ ਰਹੀ ਹੈ, ਤਾਂ Work and Income ਨਾਲ ਸੰਪਰਕ ਕਰੋ: **www.workandincome.govt.nz**

## ਬੈਂਕ

ਤਨਖਾਹ ਅਤੇ ਆਮਦਨੀ ਪ੍ਰਾਪਤ ਕਰਨ ਅਤੇ ਟੈਕਸ ਉਦੇਸ਼ਾਂ ਲਈ ਤੁਹਾਨੂੰ ਇੱਕ ਬੈਂਕ ਅਕਾਉਂਟ ਖੋਲ੍ਹਣ ਦੀ ਲੋੜ ਪਵੇਗੀ। ਜ਼ਿਆਦਾਤਰ ਬੈਂਕਾਂ ਨੂੰ ਹੇਠਾਂ ਦਿੱਤੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ:

- ਦੋ ਕਿਸਮ ਦੇ ਆਈ.ਡੀ ਜਿਵੇਂ ਕਿ ਪਾਸਪੋਰਟ ਅਤੇ ਡ੍ਰਾਇਵਰ ਲਾਇਸੈਂਸ, ਅਤੇ
- ਪਤੇ ਦਾ ਸਬੂਤ ਜਿਵੇਂ ਕਿ ਸਰਕਾਰੀ ਏਜੰਸੀ ਜਾਂ ਸੇਵਾ ਪ੍ਰਦਾਤਾ (ਜਿਵੇਂ ਕਿ ਬਿਜਲੀ ਦੀ ਕੰਪਨੀ) ਤੋਂ ਇੱਕ ਪੱਤਰ।

ਅਕਾਉਂਟ ਖੋਲ੍ਹਣ ਲਈ ਆਪਣੇ ਸਥਾਨਕ ਬੈਂਕ ਜਾਓ।

## INLAND REVENUE

ਨਿਊਜ਼ੀਲੈਂਡ ਵਿੱਚ ਕੰਮ ਕਰਨ ਲਈ, ਜਾਂ Work and Income ਤੋਂ ਸਹਾਇਤਾ ਪ੍ਰਾਪਤ ਕਰਨ ਲਈ, ਤੁਹਾਨੂੰ Inland Revenue (IR) ਤੋਂ ਟੈਕਸ ਨੰਬਰ ਦੀ ਲੋੜ ਹੁੰਦੀ ਹੈ। IR ਨੰਬਰ ਹਾਸਲ ਕਰਨ ਲਈ, IR742 ਫ਼ਾਰਮ ਭਰੋ। ਇਸ ਫਾਰਮ ਦੀ ਕਾਪੀ ਹਾਸਲ ਕਰਨ ਲਈ, **0800 257 773** 'ਤੇ ਟੈਲੀਫੋਨ ਕਰੋ ਜਾਂ **ਇੱਥੇ** ਡਾਊਨਲੋਡ ਕਰੋ। ਇਸ ਫਾਰਮ ਲਈ ਵੀਜ਼ੇ ਦਾ ਸਬੂਤ, ਪਤਾ, ਫੋਟੋ ਆਈ.ਡੀ ਅਤੇ ਪੂਰੀ ਤਰ੍ਹਾਂ ਸੰਚਾਲਤ NZ ਬੈਂਕ ਅਕਾਉਂਟ ਦੀ ਲੋੜ ਹੁੰਦੀ ਹੈ। ਤੁਸੀਂ ਫਾਰਮ ਨੂੰ IRD (**offshore@ird.govt.nz**) 'ਤੇ ਈਮੇਲ ਕਰ ਸਕਦੇ ਹੋ। ਜੇ ਤੁਹਾਡੇ ਕੋਲ NZ ਬੈਂਕ ਅਕਾਉਂਟ ਨਹੀਂ ਹੈ ਤਾਂ ਫਾਰਮ ਦੀ ਪੁਸ਼ਟੀ AA, NZ post ਜਾਂ IRD ਤੋਂ ਕਰਾਓ।

ਜਦੋਂ ਤੁਹਾਡੇ ਦਸਤਾਵੇਜ਼ਾਂ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਤੁਹਾਨੂੰ ਇੱਕ ਟੈਕਸ ਫਾਈਲ ਨੰਬਰ ਮਿਲੇਗਾ।

- ਵੈੱਬਸਾਈਟ: **www.ird.govt.nz**
- ਮੁਫਤ ਫੋਨ: **0800 377 774**

## ਰੋਜ਼ਗਾਰ

ਜਦੋਂ ਤੁਹਾਡੇ ਰਿਫਊਜੀ (ਸ਼ਰਨਾਰਥੀ) ਅਤੇ ਪ੍ਰੋਟੇਕਸ਼ਨ ਕਲੇਮ ਨੂੰ ਪ੍ਰੋਸੇਸ ਕੀਤੇ ਜਾਣ ਸਮੇਂ ਤੁਹਾਨੂੰ ਵਰਕ ਵੀਜ਼ਾ ਜਾਰੀ ਕੀਤਾ ਜਾਂਦਾ ਹੈ ਤਾਂ ਤੁਸੀਂ ਨਿਊਜ਼ੀਲੈਂਡ ਵਿੱਚ ਕੰਮ ਕਰਨ ਦੇ ਯੋਗ ਹੁੰਦੇ ਹੋ।

### ਵੈੱਬਸਾਈਟਾਂ

ਜਿਆਦਾਤਰ ਨੌਕਰੀਆਂ ਦਾ ਇਸ਼ਤਿਹਾਰ ਆਨਲਾਇਨ ਦਿੱਤਾ ਜਾਂਦਾ ਹੈ ਅਤੇ ਬਹੁਤ ਸਾਰੀਆਂ ਉਪਯੋਗੀ ਵੈੱਬਸਾਈਟਾਂ ਹਨ ਜਿੱਥੇ ਤੁਸੀਂ ਖੇਤਰ, ਕਿਸਮ, ਅਤੇ ਤੁਹਾਡੇ ਹੁਨਰਾਂ ਅਤੇ ਯੋਗਤਾਵਾਂ ਦੇ ਮੁਤਾਬਕ ਨੌਕਰੀਆਂ ਦੀ ਭਾਲ ਕਰ ਸਕਦੇ ਹੋ। ਕੁੱਝ ਪ੍ਰਸਿੱਧ ਵੈੱਬਸਾਈਟਾਂ ਹਨ: **www.seek.co.nz** ਅਤੇ **www.trademejobs.co.nz**

### ਸਰਕਾਰੀ ਏਜੰਸੀਆਂ

Career Services ਅਤੇ Work and Income ਤੁਹਾਨੂੰ ਨੌਕਰੀ ਦੀ ਭਾਲ ਕਰਨ ਵਿੱਚ ਮਦਦ ਲਈ ਵਿਹਾਰਕ ਸਲਾਹ ਦੇ ਸਕਦੀਆਂ ਹਨ, ਜਿਵੇਂ ਕਿ ਵਰਕਸ਼ਾਪਾਂ, ਟ੍ਰੇਨਿੰਗ ਦੇ ਮੌਕੇ, ਨੌਕਰੀ ਦੀਆਂ ਸੂਚੀਆਂ, ਨੌਕਰੀ ਲੱਭਣ ਦੇ ਹੁਨਰ ਅਤੇ ਬਾਔਡੇਟਾ (Curriculum Vitae, CV) ਲਿੱਖਣਾ। ਇਨ੍ਹਾਂ ਦੀਆਂ ਵੈੱਬਸਾਈਟਾਂ ਵੇਖੋ:

- Career Services: **www.careers.govt.nz**
- Work and Income: **www.workandincome.govt.nz**

## ਮਾਲੀ ਸਹਾਇਤਾ

ਜੇਕਰ ਤੁਹਾਡੇ ਕੋਲ ਇੱਕ ਜਾਇਜ਼ ਅਤੇ ਵਰਤਮਾਨ ਵੀਜ਼ ਹੈ ਤਾਂ ਤੁਸੀਂ ਉਸ ਸਮੇਂ Work and Income ਦੌਰਾਨ ਤੋਂ ਐਮਰਜੈਂਸੀ ਬੇਨੇਫਿਟ ਲੈਣ ਦੇ ਪਾਤਰ ਹੋ ਸਕਦੇ ਹੋ ਜਦੋਂ ਤੁਹਾਡੇ ਰਿਫਊਜੀ (ਸ਼ਰਨਾਰਥੀ) ਅਤੇ ਪ੍ਰੋਟੇਕਸ਼ਨ ਕਲੇਮ ਨੂੰ ਪ੍ਰੋਸੇਸ ਕੀਤਾ ਜਾ ਰਿਹਾ ਹੋਵੇ।

ਜਿੱਥੇ ਤੁਸੀਂ ਰਹਿੰਦੇ ਹੋ ਉਸ ਥਾਂ ਦੇ ਸਭ ਤੋਂ ਕੋਲ ਦੀ ਬ੍ਰਾਂਚ ਦੇ ਕੇਸ ਮੈਨੇਜਰ ਨਾਲ ਮੁਲਾਕਾਤ ਕਰਨ ਲਈ ਅਪਾਇੰਟਮੇਂਟ ਬੁੱਕ ਕਰਨ ਵਾਸਤੇ ਤੁਹਾਨੂੰ Work and Income ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

ਵਧੇਰੀ ਜਾਣਕਾਰੀ ਲਈ ਆਪਣੇ ਸਥਾਨਕ Work and Income ਦਫਤਰ ਜਾਓ, ਜਾਂ ਉਨ੍ਹਾਂ ਨੂੰ **0800 559 009** 'ਤੇ ਫੋਨ ਕਰੋ, ਜਾਂ ਉਨ੍ਹਾਂ ਦੀ ਵੈੱਬਸਾਈਟ **www.workandincome.govt.nz** 'ਤੇ ਜਾਓ।

ਜੇ ਤੁਸੀਂ ਥੋੜੀ ਅੰਗਰੇਜ਼ੀ ਜਾਂ ਬਿਲਕੁਲ ਵੀ ਅੰਗਰੇਜ਼ੀ ਨਹੀਂ ਬੋਲਦੇ ਹੋ, ਤਾਂ Work and Income ਦੂਜਿਆਂ ਭਾਸ਼ਾਵਾਂ ਵਿੱਚ ਜਾਣਕਾਰੀ ਦਿੰਦਾ ਹੈ:

- ਮੈਂਡਰਿਨ 0800 661 001
- ਕੈਂਟੋਨੀਜ਼ 0800 664 004
- ਹਿੰਦੀ 0800 993 003
- ਫਾਰਸੀ 0800 996 006
- ਖਮੇਰ 0800 994 004
- ਪੰਜਾਬੀ 0800 995 005